**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ), ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ: 15/49-2014 ਕੋ ਸ਼ਾਖਾ (1)/2019428291
ਮਿਤੀ: 18.12.2019

**ਵਿਸ਼ਾ:** **ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਕੋਟੇ ਦੀਆ ਖਾਲੀ ਅਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਤਨਖਾਹ ਨਿਸ਼ਚਿਤ ਕਰਨ ਸਬੰਧੀ ਸਪਸ਼ਟੀਕਰਨ।**

ਹਵਾਲਾ: ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪ੍ਰਸੋਨਲ -2 ਸ਼ਾਖਾ) ਦਾ ਪੱਤਰ ਨੰ: 6/39/2018-1ਵਿ.ਪ੍ਰ.2/199 ਮਿਤੀ 21.11.2019.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਨੱਥੀ ਉਕਤ ਅਨੁਸਾਰ

ਸੁਪਰਡੰਟ (ਕੋ.ਸ਼ਾਖਾ)

ਪਿੱਠ ਅੰ. ਨੰ:ਉਕਤ ਮਿਤੀ

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ:-

1. ਪੀ.ਆਰ.ਓ/ਸਕੱਤਰ ਸਕੂਲ ਸਿੱਖਿਆ, ਪੰਜਾਬ (ਸੂਚਨਾ ਹਿੱਤ)
2. ਸਹਾਇਕ ਡਾਇਰੈਕਟਰ (ਸਪ੍ਰ-1,2,3,4,5,ਵੋਕ)
3. ਡਿਪਟੀ ਕੰਟਰੋਲਰ (ਵਿੱਤ ਤੇ ਲੇਖਾ) ਬਜਟ।
4. ਰਜਿਸਟਰਾਰ ਸਿੱਖਿਆ ਵਿਭਾਗ ਅਤੇ ਅਮਲਾ ਅਫਸਰ

ਸੁਪਰਡੰਟ (ਕੋ.ਸ਼ਾਖਾ)

267248 ਸੰਖਿਆ
09/12/18.

6422
12/12/19

6/39/2018-1ਵਿ.ਪ੍ਰ.2/199

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪ੍ਰਸੋਨਲ - 2 ਸ਼ਾਖਾ)

ਮਿਤੀ, ਚੰਡੀਗੜ੍ਹ: 21-11-2019

ਸੇਵਾ ਵਿਖ,

ਪੰਜਾਬ ਰਾਜ ਦੇ ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਸਮੂਹ ਡਵੀਜਨਾਂ ਦੇ ਕਮਿਸ਼ਨਰ,
ਸਮੂਹ ਜਿਲ੍ਹਾ ਅਤੇ ਸੈਸ਼ਨ ਜੱਜ,
ਸਮੂਹ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ ਅਤੇ
ਸਮੂਹ ਸਬ-ਡਵੀਜਨਲ ਮੈਜਿਸਟ੍ਰੇਟ (ਸਿਵਲ)।

4-12-19

ਵਿਸ਼ਾ:- ਸਰਕਾਰੀ ਵਿਭਾਗਾਂ ਵਿਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਤਨਖਾਹ ਨਿਸ਼ਚਿਤ ਕਰਨ ਸਬੰਧੀ ਸਪਸ਼ਟੀਕਰਨ।

ਸ੍ਰੀਮਾਨ/ਸ੍ਰੀਮਤੀ ਜੀ,

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਜੀ ਦਾ ਧਿਆਨ ਰਾਜ ਸਰਕਾਰ ਦੇ ਗਸ਼ਤੀ ਪੱਤਰ ਨੰ; 6/17/2017-1ਵਿ.ਪ੍ਰ.2/627 ਮਿਤੀ 25.09.2017 ਵੱਲ ਦਿਵਾਉਣ ਦੀ ਹਦਾਇਤ ਹੋਈ ਹੈ, ਜਿਸ ਰਾਹੀਂ ਸਰਕਾਰੀ ਵਿਭਾਗਾਂ ਵਿਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਅਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਤਨਖਾਹ ਨਿਸ਼ਚਿਤ ਕਰਨ ਸਬੰਧੀ ਸਪਸ਼ਟੀਕਰਨ ਜਾਰੀ ਕੀਤਾ ਗਿਆ ਸੀ।

2. ਵਿਸ਼ਾ ਅੰਕਿਤ ਮਾਮਲੇ ਬਾਰੇ ਵੱਖ-ਵੱਖ ਵਿਭਾਗਾਂ ਵੱਲੋਂ ਮੰਗੇ ਜਾ ਰਹੇ ਸਪਸ਼ਟੀਕਰਨਾਂ ਬਾਰੇ ਵਿੱਤ ਵਿਭਾਗ ਵੱਲੋਂ ਹੇਠ ਅਨੁਸਾਰ ਫੈਸਲਾ ਲਿਆ ਗਿਆ ਹੈ:-

| ਲੜੀ ਨੰ: | ਪ੍ਰਬੰਧਕੀ ਵਿਭਾਗ ਵਲੋਂ ਪੁੱਛੇ ਗਏ ਨੁਕਤੇ | ਵਿੱਤ ਵਿਭਾਗ ਦੀ ਟਿਪਣੀ |
|---|---|---|
| 1 | ਭਰਤੀ ਤੋਂ ਬਾਅਦ ਡੀ.ਏ ਦੀ ਦਰ ਵਿੱਚ ਹੋਏ ਵਾਧੇ ਅਨੁਸਾਰ ਡੀ.ਏ. ਵਧੇਗਾ? | ਜਿਸ ਕਰਮਚਾਰੀ ਦੀ ਤਨਖਾਹ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 25.9.2017 ਅਨੁਸਾਰ ਪ੍ਰੋਟੈਕਟ ਕੀਤੀ ਗਈ ਹੈ ਅਤੇ ਤਨਖਾਹ ਪ੍ਰੋਟੈਕਟ ਹੋਣ ਉਪਰੰਤ ਜੇਕਰ ਸਰਕਾਰ ਵਲੋਂ ਡੀ.ਏ. ਦੀ ਦਰ ਵਿੱਚ ਵਾਧਾ ਕੀਤਾ ਜਾਂਦਾ ਹੈ ਤਾਂ ਕਰਮਚਾਰੀ ਨੂੰ ਵਧੀ ਹੋਈ ਦਰ ਤੇ ਹੀ ਡੀ.ਏ. ਦੀ ਅਦਾਇਗੀ ਕੀਤੀ ਜਾਣੀ ਬਣਦੀ ਹੈ। |
| 2 | ਜਿਨ੍ਹਾਂ ਕਰਮਚਾਰੀਆਂ ਦੀ ਤਨਖਾਹ ਪ੍ਰੋਟੈਕਟ ਕੀਤੀ ਗਈ ਹੈ, ਪ੍ਰੋਬੇਸ਼ਨ ਸਮਾਂ ਮੁਕੰਮਲ ਹੋਣ ਤੇ ਉਨ੍ਹਾਂ ਦੀ ਪੇ ਇਨ ਪੇਅ-ਬੈਂਡ ਪ੍ਰੋਟੈਕਟ ਕਰਦੇ ਹੋਏ ਕੇਵਲ ਗ੍ਰੇਡ ਪੇਅ ਵਿੱਚ ਵਾਧਾ ਕੀਤਾ ਜਾਵੇ ਜਾਂ | ਪ੍ਰੋਬੇਸ਼ਨ ਸਮਾਂ ਮੁਕੰਮਲ ਹੋਣ ਤੇ ਸਬੰਧਤ ਕਰਮਚਾਰੀਆਂ ਦੀ ਪੇਅ ਇਨ ਪੇਅ ਬੈਂਡ ਪ੍ਰੋਟੈਕਟ ਕਰਦੇ ਹੋਏ ਗ੍ਰੇਡ ਪੇਅ ਨਵੀਂ ਪੋਸਟ ਵਾਲੀ ਦਿੱਤੀ ਜਾਣੀ ਹੈ।<br>ਜੇਕਰ ਨਵੀਂ ਅਸਾਮੀ ਦੇ ਪੇਅ ਬੈਂਡ ਦਾ ਘੱਟੋ-ਘੱਟ ਪਿਛਲੀ ਅਸਾਮੀ ਤੇ ਲਈ ਜਾਣ ਵਾਲੀ ਤਨਖਾਹ ਤੋਂ |

| | | |
|---|---|---|
| | ਫਿਰ ਨਿਯਮਾਂ ਅਨੁਸਾਰ ਬੇਸਿਕ-ਪੇਅ ਪ੍ਰੋਟੈਕਟ ਕਰਦੇ ਹੋਏ ਪੇਅ-ਇਨ ਪੇਅ ਬੈਂਡ ਐਡਜਸਟ ਕੀਤਾ ਜਾਵੇ। | ਵੱਧ ਹੋਵੇ ਤਾਂ ਉਚੇਰੀ ਅਸਾਮੀ ਦੇ ਪੇਅ ਬੈਂਡ ਦਾ ਘੱਟੋ-ਘੱਟ ਮਿਲਣਯੋਗ ਹੋਵੇਗਾ। |
| 3 | ਪਿਛਲੀ ਲੀਅਨ ਵਾਲੀ ਆਸਾਮੀ ਤੇ ਮਿਲਣਯੋਗ ਸਾਲਾਨਾ ਤਰੱਕੀਆਂ ਜੋ ਕਿ ਪਰਖਕਾਲ ਸਮੇਂ ਦੌਰਾਨ ਨਹੀਂ ਦਿੱਤੀਆਂ ਗਈਆਂ ਸਨ, ਕੀ ਉਹ ਸਲਾਨਾ ਤਰੱਕੀਆਂ ਪਰਖ ਸਮਾਂ ਮੁਕੰਮਲ ਹੋਣ ਤੇ ਕਰਮਚਾਰੀ ਨੂੰ ਦੇਣੀਆਂ ਹਨ, ਜਾਂ ਨਹੀ। ਜੇਕਰ ਦੇਣੀਆਂ ਹਨ, ਤਾਂ ਕੀ ਏਰੀਅਰ ਵੀ ਦਿੱਤਾ ਜਾਣਾ ਹੈ? | ਵਿੱਤ ਵਿਭਾਗ ਵਲੋਂ ਜਾਰੀ ਹਦਾਇਤਾਂ ਮਿਤੀ 25.9.2017 ਅਨੁਸਾਰ ਜਿਸ ਕਰਮਚਾਰੀ ਨੂੰ ਪ੍ਰੋਬੇਸ਼ਨ ਦੌਰਾਨ ਪਿਛਲੀ ਲੀਅਨ ਵਾਲੀ ਪੋਸਟ ਦੀ ਤਨਖਾਹ ਦਿੱਤੀ ਗਈ ਹੈ, ਉਸ ਕਰਮਚਾਰੀ ਨੂੰ ਪੰਜਾਬ ਸਿਵਲ ਸੇਵਾਵਾਂ ਨਿਯਮਾਂਵਲੀ ਜਿਲਦ-1, ਭਾਗ-1 ਦੇ ਨਿਯਮ 4.9 ਦੇ ਹੇਠ ਨੋਟ 4 ਅਨੁਸਾਰ ਪ੍ਰੋਬੇਸ਼ਨ ਸਮਾਂ ਮੁਕੰਮਲ ਹੋਣ ਤੇ ਪ੍ਰੋਬੇਸ਼ਨ ਸਮੇਂ ਦੌਰਾਨ ਬਣਦੀ ਸਲਾਨਾ ਤਰੱਕੀ ਪਿਛਲੀ ਪੋਸਟ ਦੀ ਤਨਖਾਹ ਤੇ ਹੀ ਦੇਣ ਉਪਰੰਤ ਉਸਦੀ ਤਨਖਾਹ ਨਵੀਂ ਪੋਸਟ ਦੇ ਤਨਖਾਹ ਸਕੇਲ ਵਿੱਚ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ ਜਿਲਦ-1, ਭਾਗ-1 ਦੇ ਨਿਯਮ 4.4 ਅਨੁਸਾਰ ਨਿਸ਼ਚਿਤ ਕੀਤੀ ਜਾਣੀ ਬਣਦੀ ਹੈ। |
| 4 | ਕਰਮਚਾਰੀ ਦੀ ਸਾਲਾਨਾ ਤਰੱਕੀ ਦੀ ਮਿਤੀ ਪਿਛਲੀ ਆਸਾਮੀ ਵਾਲੀ ਰਹੇਗੀ ਜਾਂ ਫਿਰ ਪ੍ਰੋਬੇਸ਼ਨ ਸਮਾਂ ਮੁਕੰਮਲ ਹੋਣ ਦੀ ਮਿਤੀ ਤੋਂ 12 ਮਹੀਨੇ ਦੀ ਸੇਵਾ ਉਪਰੰਤ ਦਿੱਤੀ ਜਾਵੇਗੀ | ਜੇਕਰ ਕਰਮਚਾਰੀ ਦੀ ਤਨਖਾਹ ਨਵੀਂ ਪੋਸਟ ਦੀ ਮੁੱਢਲੀ ਤਨਖਾਹ ਤੇ ਫਿਕਸ ਹੁੰਦੀ ਹੈ ਤਾਂ ਸਲਾਨਾ ਤਰੱਕੀ ਤਨਖਾਹ ਫਿਕਸ ਹੋਣ ਦੀ ਮਿਤੀ ਤੋਂ 12 ਮਹੀਨੇ ਦੀ ਸੇਵਾ ਉਪਰੰਤ ਦਿੱਤੀ ਜਾਵੇਗੀ। ਜੇਕਰ ਕਰਮਚਾਰੀ ਦੀ ਪਿੱਛਲੀ ਅਸਾਮੀ ਵਾਲੀ ਤਨਖਾਹ ਨਵੀਂ ਅਸਾਮੀ ਦੀ ਮੁੱਢਲੀ ਤਨਖਾਹ ਤੋਂ ਵੱਧ ਹੋਵੇ ਤਾਂ ਸਲਾਨਾ ਤਰੱਕੀ ਦੀ ਮਿਤੀ ਪਿਛਲੀ ਆਸਾਮੀ ਵਾਲੀ ਹੀ ਰਹੇਗੀ। |

3. ਇਹ ਪੱਤਰ ਆਪਣੇ ਅਧੀਨ ਕੰਮ ਕਰਦੇ ਕਰਮਚਾਰੀਆਂ ਦੇ ਧਿਆਨ ਵਿਚ ਇੰਨ-ਬਿਨ ਪਾਲਣਾ ਹਿੱਤ ਲਿਆ ਦਿੱਤਾ ਜਾਵੇ।

ਵਿਸ਼ਵਾਸ ਪਾਤਰ,

ਅਧੀਨ ਸਕੱਤਰ, ਵਿੱਤ

ਇਸ ਦਾ ਇੱਕ ਉਤਾਰਾ ਪੰਜਾਬ ਸਰਕਾਰ ਦੇ ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ, ਵਿੱਤ

ਸੇਵਾ ਵਿਖੇ,

ਮੁੱਖ ਸਕੱਤਰ, ਸਮੂਹ ਵਧੀਕ ਮੁੱਖ ਸਕੱਤਰ, ਵਿੱਤੀ ਕਮਿਸ਼ਨਰ,
ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ

ਅੰ.ਵਿ.ਪੱ.ਨੰ: 6/39/2018-1ਵਿ.ਪ੍ਰ.2/200 ਮਿਤੀ, ਚੰਡੀਗੜ੍ਹ: 21-11-2019

ਪਿ.ਅੰ.ਨੰ: 6/39/2018-1ਵਿ.ਪ੍ਰ.2/201-202 ਮਿਤੀ, ਚੰਡੀਗੜ੍ਹ: 21-11-2019

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਮਹਾਂਲੇਖਾਕਾਰ (ਪੜਤਾਲ) ਪੰਜਾਬ, ਚੰਡੀਗੜ੍ਹ।
2. ਮਹਾਂਲੇਖਾਕਾਰ (ਲੇਖਾ ਅਤੇ ਪ੍ਰਾਪਤੀਆਂ), ਪੰਜਾਬ, ਚੰਡੀਗੜ੍ਹ।

ਸੁਪਰਡੰਟ

ਪਿ.ਅੰ.ਨੰ: 6/39/2018-1ਵਿ.ਪ੍ਰ.2/203-205 ਮਿਤੀ, ਚੰਡੀਗੜ੍ਹ: 21-11-2019

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ;
2. ਵਧੀਕ ਡਾਇਰੈਕਟਰ, ਖਜਾਨਾ ਤੇ ਲੇਖਾ, ਵਿੱਤ ਵਿਭਾਗ, ਪੰਜਾਬ;
3. ਵਧੀਕ ਡਾਇਰੈਕਟਰ, ਅੰਦਰੂਨੀ ਲੇਖਾ ਪੜਤਾਲ ਸੰਗਠਨ (ਮਾਲ), ਵਿੱਤ ਵਿਭਾਗ, ਪੰਜਾਬ।

ਸੁਪਰਡੰਟ

ਪਿ.ਅੰ.ਨੰ: 6/39/2018-1ਵਿ.ਪ੍ਰ.2/206 ਮਿਤੀ, ਚੰਡੀਗੜ੍ਹ: 21-11-2019

ਇਸ ਦਾ ਇੱਕ ਉਤਾਰਾ ਡਾਇਰੈਕਟਰ, ਖਜਾਨਾ ਅਤੇ ਲੇਖਾ ਪੰਜਾਬ ਅਤੇ ਰਾਜ ਦੇ ਸਮੂਹ ਜਿਲ੍ਹਾ ਖਜਾਨਾ ਅਫਸਰ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ